BCFSA BC Financial Services Authority

# ਡਿਉਲ ਏਜੰਸੀ ਦੇ ਖਤਰਿਆਂ ਨੂੰ ਸਮਝੋ

**ਬੀ ਸੀ ਫਾਈਨੈਂਸ਼ਿਅਲ ਸਰਵਿਸਜ਼ ਅਥਾਰਟੀ** ਕਾਨੂੰਨ ਵੱਲੋਂ ਸਥਾਪਤ ਕੀਤੀ ਗਈ ਨਿਯਮ ਲਾਗੂ ਕਰਨ ਵਾਲੀ ਏਜੰਸੀ ਹੈ ਜਿਹੜੀ ਇਹ ਯਕੀਨੀ ਬਣਾਉਣ ਲਈ ਕੰਮ ਕਰਦੀ ਹੈ ਕਿ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਕੋਲ ਤੁਹਾਨੂੰ ਉੱਚ ਪੱਧਰ ਦੀਆਂ ਸੇਵਾਵਾਂ ਦੇਣ ਲਈ ਯੋਗਤਾਵਾਂ ਅਤੇ ਗਿਆਨ ਹੋਵੇ। ਸਾਰੇ ਰੀਅਲ ਇਸਟੇਟ ਪ੍ਰੋਫੈਸ਼ਨਲਜ਼ ਲਈ ਉਹਨਾਂ ਨਿਯਮਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ ਜੋ ਤੁਹਾਡੇ ਵਰਗੇ ਖਪਤਕਾਰਾਂ ਦੀ ਸੁਰੱਖਿਆ ਕਰਦੇ ਹੋਣ। ਅਸੀਂ ਰੀਅਲ ਇਸਟੇਟ ਦੇ ਇਕ ਖਪਤਕਾਰ ਵੱਜੋਂ ਆਪਣੇ ਹੱਕਾਂ ਬਾਰੇ ਜਾਣਕਾਰੀ ਲੈਣ ਵਿੱਚ ਤੁਹਾਡੀ ਮਦਦ ਕਰਨ ਲਈ ਇੱਥੇ ਹਾਜ਼ਰ ਹਾਂ।

**ਆਪਣੀ ਜਾਣਕਾਰੀ ਲਈ ਜਾਣਕਾਰੀ ਵਾਲੇ ਇਸ ਸਫੇ ਨੂੰ ਆਪਣੇ ਕੋਲ ਰੱਖੋ।**

**ਇਕ ਡਿਉਲ ਏਜੰਟ (ਦੋਹਾਂ ਧਿਰਾਂ ਦੀ ਨੁਮਾਇੰਦਗੀ ਕਰਨ ਵਾਲੇ ਏਜੰਟ) ਵੱਜੋਂ ਤੁਹਾਨੂੰ ਸੇਵਾਵਾਂ ਦੇਣ ਤੋਂ ਪਹਿਲਾਂ ਕਿਸੇ ਵੀ ਰੀਅਲ ਇਸਟੇਟ ਪ੍ਰੋਫੈਸ਼ਨਲ ਲਈ ਤੁਹਾਨੂੰ ਖਪਤਕਾਰਾਂ ਲਈ ਇਹ ਜਾਣਕਾਰੀ ਦੇਣਾ ਜ਼ਰੂਰੀ ਹੈ।**

ਤੁਹਾਨੂੰ ਇਹ ਫਾਰਮ ਤਾਂ ਦਿੱਤਾ ਜਾ ਰਿਹਾ ਹੈ ਕਿਉਂਕਿ ਤੁਹਾਡੀ ਨੁਮਾਇੰਦਗੀ ਕਰਨ ਵਾਲਾ ਰੀਅਲ ਇਸਟੇਟ ਪ੍ਰੋਫੈਸ਼ਨਲ ਇਸ ਹੀ ਸੌਦੇ (ਟ੍ਰਾਂਜ਼ੈਕਸ਼ਨ) ਵਿੱਚ ਦੂਜੀ ਧਿਰ ਦੀ ਵੀ ਨੁਮਾਇੰਦਗੀ ਕਰਦਾ ਹੈ। ਇਸ ਨੂੰ "ਡਿਉਲ ਏਜੰਸੀ" ਕਹਿੰਦੇ ਹਨ।

ਡਿਉਲ ਏਜੰਸੀ ਦੀਆਂ ਕੁੱਝ ਉਦਾਹਰਨਾਂ ਇਸ ਤਰ੍ਹਾਂ ਹਨ। ਜਦੋਂ ਕੋਈ ਰੀਅਲ ਇਸਟੇਟ ਪ੍ਰੋਫੈਸ਼ਨਲ:

- ਕਿਸੇ ਜਾਇਦਾਦ ਨੂੰ ਵੇਚਣ ਵਾਲੇ ਅਤੇ ਉਸ ਹੀ ਜਾਇਦਾਦ ਨੂੰ ਖ਼੍ਰੀਦਣ ਵਾਲੇ ਦੀ ਨੁਮਾਇੰਦਗੀ ਕਰਦਾ ਹੈ
- ਇਕ ਹੀ ਜਾਇਦਾਦ ਨੂੰ ਖ਼੍ਰੀਦਣ ਦੀ ਆਸ ਕਰ ਰਹੇ ਦੋ ਵੱਖ ਵੱਖ ਖ਼੍ਰੀਦਦਾਰਾਂ ਦੀ ਨੁਮਾਇੰਦਗੀ ਕਰਦਾ ਹੈ
- ਇਕ ਹੀ ਸੌਦੇ ਵਿੱਚ ਮਕਾਨ ਮਾਲਕ ਅਤੇ ਕਿਰਾਏਦਾਰ ਦੀ ਨੁਮਾਇੰਦਗੀ ਕਰਦਾ ਹੈ।

## ਡਿਉਲ ਏਜੰਸੀ ਦੇ ਖਤਰੇ

ਡਿਉਲ ਏਜੰਸੀ ਇਕ ਰੀਅਲ ਇਸਟੇਟ ਪ੍ਰੋਫੈਸ਼ਨਲ ਦੀ ਤੁਹਾਡੇ ਨਾਲ ਜਾਣਕਾਰੀ ਸਾਂਝੀ ਕਰਨ ਅਤੇ ਤੁਹਾਨੂੰ ਸਲਾਹ ਦੇਣ ਦੀ ਯੋਗਤਾ ਨੂੰ ਸੀਮਤ ਕਰਦੀ ਹੈ। ਇਹ ਉਸ ਨੂੰ ਪੂਰੀ ਤਰ੍ਹਾਂ ਤੁਹਾਡੇ ਹਿੱਤ ਵਿੱਚ ਕੰਮ ਕਰਨ ਤੋਂ ਵਰਜਦੀ ਹੈ।

**ਕਿਸੇ ਰੀਅਲ ਇਸਟੇਟ ਪ੍ਰੋਫੈਸ਼ਨਲ ਦੇ ਇਕ ਕਲਾਇੰਟ ਹੋਣ ਕਰਕੇ, ਉਸ ਦੇ ਤੁਹਾਡੇ ਪ੍ਰਤੀ ਜੋ ਫਰਜ਼ ਹੁੰਦੇ ਹਨ ਡਿਉਲ ਏਜੰਸੀ ਕਾਰਨ ਉਹ ਬਦਲ ਜਾਂਦੇ ਹਨ।**

### ਬਹੁਤੀਆਂ ਹਾਲਤਾਂ ਵਿੱਚ...

- ਤੁਹਾਡੇ ਰੀਅਲ ਇਸਟੇਟ ਪ੍ਰੋਫੈਸ਼ਨਲ ਲਈ ਤੁਹਾਡੇ ਪ੍ਰਤੀ 100% ਵਫਾਦਾਰ ਹੋਣਾ ਅਤੇ ਤੁਹਾਡੇ ਹਿੱਤਾਂ ਨੂੰ ਬਾਕੀ ਸਭ ਚੀਜ਼ਾਂ ਤੋਂ ਉੱਪਰ ਰੱਖਣਾ ਜ਼ਰੂਰੀ ਹੈ।
- ਜ਼ਰੂਰੀ ਹੈ ਕਿ ਉਹ ਹਿੱਤਾਂ ਦੇ ਟਕਰਾਅ ਤੋਂ ਬਚਣ ਲਈ ਵਾਜਬ ਕਦਮ ਚੁੱਕੇ।
- ਜ਼ਰੂਰੀ ਹੈ ਕਿ ਉਹ ਆਪਣੀ ਜਾਣਕਾਰੀ ਵਿਚਲੇ ਉਨ੍ਹਾਂ ਸਾਰੇ ਤੱਥਾਂ ਬਾਰੇ ਤੁਹਾਨੂੰ ਦੱਸੇ ਜੋ ਤੁਹਾਡੇ ਫੈਸਲਾ ਕਰਨ ਦੇ ਕਾਰਜ 'ਤੇ ਅਸਰ ਪਾ ਸਕਦੇ ਹੋਣ।
- ਉਸ ਲਈ ਤੁਹਾਡੀ ਗੁਪਤ ਜਾਣਕਾਰੀ ਦੀ ਰੱਖਿਆ ਕਰਨਾ ਜ਼ਰੂਰੀ ਹੈ। ਉਹ ਤੁਹਾਡੀ ਆਗਿਆ ਤੋਂ ਬਿਨਾਂ ਖ਼੍ਰੀਦਣ/ਵੇਚਣ/ਲੀਜ਼ ਕਰਨ/ਕਿਰਾਏ 'ਤੇ ਲੈਣ ਦੇ ਤੁਹਾਡੇ ਕਾਰਨ, ਉਹ ਘੱਟੋ ਘੱਟ/ਵੱਧ ਤੋਂ ਵੱਧ ਕੀਮਤ ਜਿਹੜੀ ਤੁਸੀਂ ਦੇਣ ਜਾਂ ਲੈਣ ਲਈ ਤਿਆਰ ਹੋ ਜਾਂ ਕੋਈ ਹੋਰ ਗੁਪਤ ਜਾਣਕਾਰੀ ਕਿਸੇ ਹੋਰ ਨੂੰ ਨਹੀਂ ਦੱਸ ਸਕਦਾ।

### ਡਿਉਲ ਏਜੰਸੀ ਵਿੱਚ...

- ਤੁਹਾਡੇ ਰੀਅਲ ਇਸਟੇਟ ਪ੍ਰੋਫੈਸ਼ਨਲ ਦੇ ਤੁਹਾਡੇ ਲਈ ਅਤੇ ਉਸ ਦੇ ਦੂਸਰੇ ਕਲਾਇੰਟ/ਕਲਾਇੰਟਾਂ ਲਈ ਜੋ ਫਰਜ਼ ਬਣਦੇ ਹਨ, ਉਹ ਸੀਮਤ ਹੋਣਗੇ, ਜਿਵੇਂ ਕਿ ਡਿਉਲ ਏਜੰਸੀ ਦੇ ਕਿਸੇ ਇਕਰਾਰਨਾਮੇ (ਐਗਰੀਮੈਂਟ) ਵਿੱਚ ਦੱਸੇ ਗਏ ਹਨ।
- ਉਹ ਤੁਹਾਨੂੰ ਇਹ ਸਲਾਹ ਨਹੀਂ ਦੇ ਸਕਦਾ ਕਿ ਤੁਹਾਨੂੰ ਖ਼੍ਰੀਦਣ ਲਈ ਕਿੰਨੀ ਕੀਮਤ ਦੇਣੀ ਚਾਹੀਦੀ ਹੈ ਜਾਂ ਲੈਣੀ ਚਾਹੀਦੀ ਹੈ ਜਾਂ ਆਪਣੇ ਹਿੱਤਾਂ ਦੀ ਰੱਖਿਆ ਕਰਨ ਲਈ ਤੁਹਾਨੂੰ ਕਿਹੜੀਆਂ ਸ਼ਰਤਾਂ ਰੱਖਣੀਆਂ ਚਾਹੀਦੀਆਂ ਹਨ।
- ਉਹ ਆਪਣੀ ਜਾਣਕਾਰੀ ਵਿਚਲੇ ਸਾਰੇ ਤੱਥਾਂ ਦੀ ਜਾਣਕਾਰੀ ਤੁਹਾਨੂੰ ਨਹੀਂ ਦੱਸ ਸਕਦਾ, ਜੇ ਇਸ ਨਾਲ ਆਪਣੇ ਦੂਸਰੇ ਕਲਾਇੰਟ ਦੀ ਗੁਪਤ ਜਾਣਕਾਰੀ ਨੂੰ ਸੁਰੱਖਿਅਤ ਰੱਖਣ ਦੇ ਉਸ ਦੇ ਫਰਜ਼ ਦੀ ਉਲੰਘਣਾ ਹੁੰਦੀ ਹੋਵੇ।
- ਉਹ ਤੁਹਾਡੇ ਨਾਲ ਦੂਸਰੇ ਕਲਾਇੰਟ ਦੇ ਸੌਦਾ ਕਰਨ ਦੇ ਕਾਰਨ ਜਾਂ ਤਰਜੀਹੀ ਸ਼ਰਤਾਂ ਸਾਂਝੀਆਂ ਨਹੀਂ ਕਰ ਸਕਦਾ, ਅਤੇ ਨਾ ਹੀ ਤੁਹਾਡੀ ਜਾਣਕਾਰੀ ਦੂਜੇ ਕਲਾਇੰਟ ਨੂੰ ਦੇ ਸਕਦਾ ਹੈ।

## ਬੀ ਸੀ ਵਿੱਚ ਬਹੁਤੇ ਕੇਸਾਂ ਵਿੱਚ ਡਿਉਲ ਏਜੰਸੀ ਦੀ ਆਗਿਆ ਨਹੀਂ ਹੈ

ਕਿਉਂਕਿ ਡਿਉਲ ਏਜੰਸੀ ਖਪਤਕਾਰਾਂ ਲਈ ਕਾਫੀ ਵੱਡੇ ਖਤਰੇ ਪੈਦਾ ਕਰਦੀ ਹੈ, ਇਸ ਲਈ ਕੁੱਝ ਖਾਸ ਹਾਲਤਾਂ ਤੋਂ ਬਿਨਾਂ ਇਸ ਦੀ ਬੀ ਸੀ ਵਿੱਚ ਆਗਿਆ ਨਹੀਂ ਹੈ। ਕੋਈ ਰੀਅਲ ਇਸਟੇਟ ਪ੍ਰੋਫੈਸ਼ਨਲ ਤੁਹਾਨੂੰ ਡਿਉਲ ਏਜੰਸੀ ਤਾਂ ਹੀ ਪ੍ਰਦਾਨ ਕਰ ਸਕਦਾ ਹੈ, ਜੇ ਤੁਹਾਡੇ ਵੱਲੋਂ ਖ਼੍ਰੀਦੀ ਜਾਂ ਵੇਚੀ (ਜਾਂ ਕਿਰਾਏ ਜਾਂ ਲੀਜ਼ 'ਤੇ ਲਈ) ਜਾ ਰਹੀ ਜਾਇਦਾਦ ਅਜਿਹੀ ਦੁਰੇਡੀ ਥਾਂ 'ਤੇ ਹੋਵੇ ਜਿੱਥੇ ਰੀਅਲ ਇਸਟੇਟ ਪ੍ਰੋਫੈਸ਼ਨਲਾਂ ਦੀ ਥੁੜ ਹੋਵੇ ਅਤੇ ਤੁਹਾਡੇ ਅਤੇ ਦੂਜੀ ਧਿਰ ਵੱਲੋਂ ਵੱਖ ਵੱਖ ਰੀਅਲ ਇਸਟੇਟ ਪ੍ਰੋਫੈਸ਼ਨਲਾਂ ਦੀਆਂ ਸੇਵਾਵਾਂ ਲੈਣਾ ਅਸੰਭਵ ਹੋਵੇ।



ਰੀਅਲ ਇਸਟੇਟ ਸੌਦਿਆਂ ਬਾਰੇ ਜਾਣਕਾਰੀ ਲੈਣ ਲਈ, ਸਾਨੂੰ ਕੋਈ ਸਵਾਲ ਪੁੱਛਣ ਲਈ, ਸ਼ਿਕਾਇਤ ਦਰਜ ਕਰਵਾਉਣ ਲਈ ਜਾਂ ਗੁਪਤ ਸੂਹ ਦੇਣ ਲਈ ਸਾਡੇ ਨਾਲ ਸੰਪਰਕ ਕਰੋ। 1 866 206 3030 | ਗੁਪਤ ਸੂਹ ਦੇਣ ਲਈ ਲਾਈਨ: 1 833 420 2400 | info@bcfsa.ca

You're Protected
bcfsa.ca

# ਡਿਊਲ ਏਜੰਸੀ ਦੇ ਖਤਰਿਆਂ ਨੂੰ ਸਮਝੋ

**ਡਿਊਲ ਏਜੰਸੀ ਨਾਲ ਸੰਬੰਧਤ ਖਤਰਿਆਂ ਬਾਰੇ ਡਿਸਕਲੋਜ਼ਰ**

**ਰੀਅਲ ਇਸਟੇਟ ਸਰਵਿਸਜ਼ ਰੂਲਜ਼ ਦੇ ਸੈਕਸ਼ਨ 64 ਦੀ ਪਾਲਣਾ ਕਰਨ ਲਈ ਇਸ ਡਿਸਕਲੋਜ਼ਰ ਫਾਰਮ (ਜਾਣਕਾਰੀ ਦੇਣ ਵਾਲੇ ਫਾਰਮ) ਬਾਰੇ ਦੱਸਣਾ ਜ਼ਰੂਰੀ ਹੈ। ਇਕ ਰੀਅਲ ਇਸਟੇਟ ਪ੍ਰੋਫੈਸ਼ਨਲ ਲਈ ਇਸ ਡਿਸਕਲੋਜ਼ਰ ਫਾਰਮ ਦੇ ਨਾਲ ਨਾਲ ਡਿਊਲ ਏਜੰਸੀ ਦੇ ਖਤਰਿਆਂ ਨੂੰ ਸਮਝੋ ਨਾਂ ਦਾ ਜਾਣਕਾਰੀ ਵਾਲਾ ਸਫਾ ਤੁਹਾਨੂੰ ਦੇਣਾ ਜ਼ਰੂਰੀ ਹੈ।**

## ਬ੍ਰੋਕਰੇਜ ਦਾ ਬਿਆਨ

ਖਪਤਕਾਰ ਨੂੰ ਡਿਸਕਲੋਜ਼ਰ ਦਿੱਤੇ ਜਾਣ ਤੋਂ ਪਹਿਲਾਂ ਇਹ ਸੈਕਸ਼ਨ ਮੈਨੇਜਿੰਗ ਬ੍ਰੋਕਰ ਵੱਲੋਂ ਭਰਿਆ ਜਾਣਾ ਜ਼ਰੂਰੀ ਹੈ।

**ਮੈਨੇਜਿੰਗ ਬ੍ਰੋਕਰਾਂ ਲਈ ਨੋਟ:** ਗੌਰ ਕਰਨ ਵਾਲੇ ਪੱਖਾਂ ਲਈ ਕਿਰਪਾ ਕਰਕੇ **ਡਿਊਲ ਏਜੰਸੀ ਐਗਜ਼ੈਂਪਸ਼ਨ** ਗਾਈਡਲਾਈਨਜ਼ ਨੂੰ ਦੇਖੋ।

- ○ ਮੈਂ ਸੰਤੁਸ਼ਟ ਹਾਂ ਕਿ ਰੂਲਜ਼ ਦੇ ਸੈਕਸ਼ਨ 64 (1) ਵਿੱਚ ਨਿਸ਼ਚਿਤ ਮਾਪ-ਦੰਡ ਇਸ ਕੇਸ ਵਿੱਚ ਪੂਰੇ ਕੀਤੇ ਗਏ ਹਨ।
- ○ ਮੈਂ ਉਨ੍ਹਾਂ ਕਾਰਨਾਂ ਦਾ ਲੋੜੀਂਦਾ ਵੇਰਵਾ ਸ਼ਾਮਲ ਕੀਤਾ ਹੈ ਕਿ ਇਸ ਕੇਸ ਵਿੱਚ ਡਿਊਲ ਏਜੰਸੀ ਵਿੱਚ ਕੰਮ ਕਰਨ ਦੀਆਂ ਸ਼ਰਤਾਂ ਕਿਉਂ ਪੂਰੀਆਂ ਹੁੰਦੀਆਂ ਹਨ।

ਇਹ ਡਿਸਕਲੋਜ਼ਰ ______________________________ ਉੱਤੇ ਸਥਿਤ ਜਾਇਦਾਦ ਬਾਰੇ ਹੈ।

| ਮੈਨੇਜਿੰਗ ਬ੍ਰੋਕਰ | ਬ੍ਰੋਕਰੇਜ |
|---|---|
| ਦਸਖਤ | ਤਰੀਕ |

## ਜ਼ਰੂਰੀ ਹੈ ਕਿ ਇਹ ਸੈਕਸ਼ਨ ਮੈਨੇਜਿੰਗ ਬ੍ਰੋਕਰ ਵੱਲੋਂ ਮੁਕੰਮਲ ਕੀਤਾ ਜਾਵੇ।

**ਵਿਸਥਾਰ ਵਿੱਚ** ਦੱਸੋ ਕਿ ਇਸ ਕੇਸ ਵਿੱਚ ਰੂਲਜ਼ ਦੇ ਸੈਕਸ਼ਨ 64 (1) ਵਿੱਚ ਡਿਊਲ ਏਜੰਸੀ ਵਿੱਚ ਕੰਮ ਕਰਨ ਲਈ ਨਿਸ਼ਚਿਤ ਸ਼ਰਤਾਂ ਕਿਸ ਤਰ੍ਹਾਂ ਪੂਰੀਆਂ ਕੀਤੀਆਂ ਗਈਆਂ ਹਨ। ਜੇ ਲੋੜ ਹੋਵੇ ਤਾਂ ਇਸ ਨਾਲ ਵਾਧੂ ਸਫੇ ਨੱਥੀ ਕਰੋ।



BCFSA BC Financial Services Authority / You're Protected bcfsa.ca

# ਡਿਉਲ ਏਜੰਸੀ ਦੇ ਖਤਰਿਆਂ ਨੂੰ ਸਮਝੋ

**ਡਿਉਲ ਏਜੰਸੀ ਨਾਲ ਸੰਬੰਧਤ ਖਤਰਿਆਂ ਬਾਰੇ ਡਿਸਕਲੋਜ਼ਰ**

## REAL ESTATE PROFESSIONAL CONFIRMATION

- ○ I confirm that I have given the clients the **Understand the Risks of Dual Agency** consumer information page and this disclosure form, including a signed Brokerage Statement.
- ○ I confirm that I will provide the clients a dual agency agreement.

Name

Team name and members, if applicable. *The duties of a real estate professional as outlined in this form apply to all team members.*

Signature | Date

## CONSUMER ACKNOWLEDGMENT:

**This is NOT a contract**

**ਤੁਹਾਡੇ ਕੋਲ ਚੋਣਾਂ ਹਨ**

ਇਹ ਤੁਹਾਡੀ ਮਰਜ਼ੀ ਹੈ ਕਿ ਤੁਸੀਂ ਡਿਉਲ ਏਜੰਸੀ ਮੰਨਣੀ ਹੈ ਜਾਂ ਨਹੀਂ। ਹੋ ਸਕਦਾ ਹੈ ਕਿ ਫੈਸਲਾ ਕਰਨ ਤੋਂ ਪਹਿਲਾਂ ਤੁਸੀਂ ਕਾਨੂੰਨੀ ਸਲਾਹ ਲੈਣੀ ਚਾਹੋ।

ਤੁਸੀਂ ਡਿਉਲ ਏਜੰਸੀ ਲਈ ਹਾਂ ਜਾਂ ਨਾਂਹ ਕਹਿ ਸਕਦੇ ਹੋ। ਕੋਈ ਵੀ ਰੀਅਲ ਇਸਟੇਟ ਪ੍ਰੋਫੈਸ਼ਨਲ ਤਾਂ ਹੀ ਡਿਉਲ ਏਜੰਸੀ ਨਾਲ ਕੰਮ ਕਰ ਸਕਦਾ ਹੈ ਜੇ ਦੋਵੇਂ ਕਲਾਇੰਟ ਸਹਿਮਤ ਹੋਣ ਅਤੇ ਡਿਉਲ ਏਜੰਸੀ ਦਾ ਇਕਰਾਰਨਾਮਾ ਕਰਨ।

ਜੇ ਇਕ ਜਾਂ ਦੋਵੇਂ ਕਲਾਇੰਟ ਡਿਉਲ ਏਜੰਸੀ ਨੂੰ ਨਾਂਹ ਕਹਿੰਦੇ ਹਨ, ਤਾਂ ਉਸ ਤੋਂ ਬਾਅਦ ਤੁਹਾਨੂੰ ਇਹ ਫਾਰਮ ਦੇਣ ਵਾਲਾ ਰੀਅਲ ਇਸਟੇਟ ਪ੍ਰੋਫੈਸ਼ਨਲ ਇਸ ਸੌਦੇ (ਟ੍ਰਾਂਜ਼ੈਕਸ਼ਨ) ਲਈ ਕਿਸੇ ਵੀ ਕਲਾਇੰਟ ਨੂੰ ਰੀਅਲ ਇਸਟੇਟ ਦੀਆਂ ਸੇਵਾਵਾਂ ਦੇਣ ਦੇ ਯੋਗ ਨਹੀਂ ਹੋਵੇਗਾ।

I acknowledge that I have received:

- ○ the **Understand the Risks of Dual Agency** consumer information page, and
- ○ this disclosure form, including a signed Brokerage Statement and a detailed description of the reasons for engaging in dual agency.

Name | Name

Initials | Date | Initials | Date

**ਜ਼ਰੂਰੀ:** ਬ੍ਰੋਕਰੇਜ ਲਈ ਡਿਉਲ ਏਜੰਸੀ ਦਾ ਲਿਖਤੀ ਇਕਰਾਰਨਾਮਾ ਕਰਨ ਤੋਂ ਬਾਅਦ ਇਸ ਡਿਸਕਲੋਜ਼ਰ ਦੀ ਇਕ ਕਾਪੀ ਬੀ ਸੀ ਫਾਈਨੈਂਸ਼ਿਅਲ ਸਰਵਿਸਜ਼ ਅਥਾਰਟੀ ਨੂੰ ਸਮੇਂ ਸਿਰ ਦੇਣੀ ਜ਼ਰੂਰੀ ਹੈ। ਇਸ ਨੂੰ dual-agency-disclosure@bcfsa.ca ’ਤੇ ਭੇਜੋ।



BCFSA BC Financial Services Authority / You're Protected bcfsa.ca